ਵਰਲਡ ਪੰਜਾਬੀ ਟਾਈਮਜ਼

WORLD PUNJABI TIMES

A Punjabi News Protal & Epaper From Winnipeg, Canada

Visit us at : www.worldpunjabitimes.com

Mob: 7973333573, +1 (418) 887-0162, +1 (431) 458-6922

ਮੁੱਖ ਸੰਪਾਦਕ : ਡਾ. ਸੁਰਜੀਤ ਸਿੰਘ ਸਹਿ ਸੰਪਾਦਕ: ਨਵਜੋਤ ਬਿਲਿੰਗ ਬਿਊਰੋ ਚੀਫ ਕੈਨੇਡਾ : ਅਮਰਜੀਤ ਸਿੰਘ ਬਾਵਾ ਬਿਊਰੋ ਚੀਫ ਭਾਰਤ : ਗਗਨਦੀਪ ਗਿੱਲ

Epaper World Punjabi Times | 29 ਨਵੰਬਰ 2026 ਦਿਨ ਐਤਵਾਰ | ਈ-ਪੇਪਰ ਵਰਲਡ ਪੰਜਾਬੀ ਟਾਈਮਜ਼

ਠੰਢ ਤੋਂ ਬਚਾਅ ਲਈ ਬੇਘਰ ਤੇ ਲੋੜਵੰਦ ਲੋਕਾਂ ਵਾਸਤੇ ਨਗਰ ਨਿਗਮ ਪਟਿਆਲਾ ਵੱਲੋਂ ਦੋ ਸਥਾਈ ਰੈਣ ਬਸੇਰਿਆਂ 'ਚ ਲੋੜੀਂਦੀਆਂ ਸਹੂਲਤਾਂ ਮੁਹੱਈਆ

ਖੰਡਾ ਚੌਕ, ਗੁਰਦੁਆਰਾ ਦੁਖਨਿਵਾਰਨ ਸਾਹਿਬ ਨੇੜੇ 50 ਵਿਅਕਤੀਆਂ ਦੀ ਸਮਰੱਥਾ ਵਾਲਾ ਆਰਜ਼ੀ ਰੈਣ ਬਸੇਰਾ ਬਣਾਉਣ ਦੀ ਤਜਵੀਜ਼

ਵਰਲਡ ਪੰਜਾਬੀ ਟਾਈਮਜ਼



ਪਟਿਆਲਾ, 29 ਨਵੰਬਰ : ਸਰਦੀ ਦੇ ਮੌਸਮ ਅਤੇ ਠੰਢ ਦੀਆਂ ਲਹਿਰਾਂ ਦੌਰਾਨ ਬੇਘਰ ਤੇ ਲੋੜਵੰਦ ਲੋਕਾਂ ਦੀ ਸੁਰੱਖਿਆ ਨੂੰ ਯਕੀਨੀ ਬਣਾਉਣ ਲਈ ਨਗਰ ਨਿਗਮ ਪਟਿਆਲਾ ਵੱਲੋਂ ਦੋ ਸਥਾਈ ਰੈਣ ਬਸੇਰੇ ਚਲਾਏ ਜਾ ਰਹੇ ਹਨ, ਜਿੱਥੇ ਲੋੜੀਂਦੀਆਂ ਸਹੂਲਤਾਂ ਮੁਹੱਈਆ ਕਰਵਾਈਆਂ ਗਈਆਂ ਹਨ। ਇਸ ਤੋਂ ਇਲਾਵਾ 50 ਵਿਅਕਤੀਆਂ ਦੀ ਸਮਰੱਥਾ ਵਾਲਾ ਇੱਕ ਆਰਜ਼ੀ ਰੈਣ ਬਸੇਰਾ ਵੀ ਸਥਾਪਤ ਕਰਨ ਦੀ ਤਜਵੀਜ਼ ਹੈ।ਇਹ ਪ੍ਰਗਟਾਵਾ ਨਗਰ ਨਿਗਮ ਕਮਿਸ਼ਨਰ ਪੂਜਾ ਸਿਆਲ ਗਰੇਵਾਲ ਨੇ ਕੀਤਾ।

ਕਮਿਸ਼ਨਰ ਨੇ ਦੱਸਿਆ ਕਿ ਨਗਰ ਨਿਗਮ ਵੱਲੋਂ ਚਲਾਏ ਜਾ ਰਹੇ ਸਥਾਈ ਰੈਣ ਬਸੇਰਿਆਂ ਵਿੱਚ ਪਹਿਲਾ ਰੈਣ ਬਸੇਰਾ ਨਹਿਰੂ ਪਾਰਕ ਵਿਖੇ, ਪੁਰਾਣੇ ਬੱਸ ਸਟੈਂਡ ਨੇੜੇ, ਡੇਅ-ਐਨਯੂਐਲਐਮ ਤਹਿਤ ਸਥਾਪਤ ਕੀਤਾ ਗਿਆ ਹੈ, ਜਿਸ ਵਿੱਚ 80 ਵਿਅਕਤੀਆਂ ਦੇ ਰਹਿਣ ਦੀ ਸਮਰੱਥਾ ਹੈ। ਇਸ ਰੈਣ ਬਸੇਰੇ ਵਿੱਚ 24 ਬੈਡ ਉਪਲਬਧ ਹਨ ਅਤੇ ਲੋੜ ਅਨੁਸਾਰ ਗੱਦੇ ਵੀ ਮੁਹੱਈਆ ਕਰਵਾਏ ਜਾਂਦੇ ਹਨ। ਇੱਥੇ ਸਰਦੀਆਂ ਲਈ ਕੰਬਲ, ਗੀਜ਼ਰ, ਪਖਾਨੇ, ਹੀਟਰ, ਆਰ.ਓ. ਰਾਹੀਂ ਪੀਣ ਵਾਲਾ ਪਾਣੀ, ਸੀ.ਸੀ.ਟੀ.ਵੀ. ਕੈਮਰੇ, ਕੀਟਨਾਸ਼ਕ ਸਪਰੇਅ ਅਤੇ ਫਸਟ ਏਡ ਕਿੱਟ ਵਰਗੀਆਂ ਸਹੂਲਤਾਂ ਉਪਲਬਧ ਹਨ।

ਦੂਜਾ ਸਥਾਈ ਰੈਣ ਬਸੇਰਾ ਕਾਲੀ ਮਾਤਾ ਮੰਦਰ ਨੇੜੇ, ਮਾਲ ਰੋਡ ਵਿਖੇ ਨਗਰ ਨਿਗਮ ਪਟਿਆਲਾ ਵੱਲੋਂ ਚਲਾਇਆ ਜਾ ਰਿਹਾ ਹੈ, ਜਿਸ ਵਿੱਚ 10 ਵਿਅਕਤੀਆਂ ਦੇ ਰਹਿਣ ਦੀ ਸਮਰੱਥਾ ਹੈ ਅਤੇ 5 ਬੈਡ ਉਪਲਬਧ ਹਨ। ਇੱਥੇ ਵੀ ਲੋੜ ਅਨੁਸਾਰ ਗੱਦੇ, ਕੰਬਲ, ਗੀਜ਼ਰ, ਪਖਾਨੇ, ਹੀਟਰ, ਪੀਣ ਵਾਲਾ ਪਾਣੀ, ਕੀਟਨਾਸ਼ਕ ਸਪਰੇਅ ਅਤੇ ਫਸਟ ਏਡ ਕਿੱਟ ਆਦਿ ਸਹੂਲਤਾਂ ਮੁਹੱਈਆ ਕਰਵਾਈਆਂ ਗਈਆਂ ਹਨ।

ਇਸ ਤੋਂ ਇਲਾਵਾ ਖੰਡਾ ਚੌਕ, ਗੁਰਦੁਆਰਾ ਦੁਖਨਿਵਾਰਨ ਸਾਹਿਬ ਨੇੜੇ 50 ਵਿਅਕਤੀਆਂ ਦੀ ਸਮਰੱਥਾ ਵਾਲਾ ਇੱਕ ਆਰਜ਼ੀ ਰੈਣ ਬਸੇਰਾ ਬਣਾਉਣ ਦੀ ਤਜਵੀਜ਼ ਹੈ, ਜਿਸ ਲਈ ਵਾਟਰਪ੍ਰੂਫ ਢਾਂਚਾ ਤਿਆਰ ਕੀਤਾ ਜਾਵੇਗਾ। ਇਸ ਪ੍ਰੋਜੈਕਟ ਨੂੰ ਪ੍ਰਸ਼ਾਸਕੀ ਪ੍ਰਵਾਨਗੀ ਮਿਲ ਚੁੱਕੀ ਹੈ ਅਤੇ ਜਲਦ ਟੈਂਡਰ ਜਾਰੀ ਕੀਤਾ ਜਾਵੇਗਾ। ਇਸ ਰੈਣ ਬਸੇਰੇ ਵਿੱਚ ਗੱਦੇ, ਕੰਬਲ, ਹੀਟਰ, ਸੀ.ਸੀ.ਟੀ.ਵੀ. ਕੈਮਰੇ ਅਤੇ ਪੀਣ ਵਾਲੇ ਪਾਣੀ ਦੀ ਸਹੂਲਤ ਮੁਹੱਈਆ ਕਰਵਾਈ ਜਾਵੇਗੀ, ਜਦਕਿ ਪ੍ਰਸਤਾਵਿਤ ਸਥਾਨ 'ਤੇ ਜਨਤਕ ਪਖਾਨਾ ਪਹਿਲਾਂ ਹੀ ਉਪਲਬਧ ਹੈ।

ਇਨ੍ਹਾਂ ਰੈਣ ਬਸੇਰਿਆਂ ਦੀ ਦੇਖ-ਰੇਖ ਲਈ ਨਗਰ ਨਿਗਮ ਦੇ ਕਾਰਪੋਰੇਸ਼ਨ ਇੰਜਨੀਅਰ ਨਰਾਇਣ ਦਾਸ ਅਤੇ ਸਹਾਇਕ ਕਾਰਪੋਰੇਸ਼ਨ ਇੰਜਨੀਅਰ ਅਮਨਿੰਦਰ ਸਿੰਘ ਨੂੰ ਇੰਚਾਰਜ ਨਿਯੁਕਤ ਕੀਤਾ ਗਿਆ ਹੈ।

ਬਾਦਲ-ਭਾਜਪਾ ਮੁੜ ਇਕੱਠੇ, ਪੰਜਾਬ ਦੇ ਪੱਲੇ ਕੀ ਪਿਆ ?

ਵਰਲਡ ਪੰਜਾਬੀ ਟਾਈਮਜ਼
ਹਰਜੀਤ ਸਿੰਘ ਦਲਗਤੀ ਟਕਸਾਲ



ਛੇ ਸਾਲਾਂ ਬਾਅਦ ਬਾਦਲ ਦਲ ਤੇ ਭਾਜਪਾ ਦਾ ਗੱਠਜੋੜ ਮੁੜ ਹੋ ਗਿਆ ਹੈ। ਸੁਖਬੀਰ ਬਾਦਲ ਕੱਲ੍ਹ ਤਕ ਆਖਦਾ ਸੀ ਕਿ ਜੇ ਭਾਜਪਾ ਪੰਜਾਬ ਵਿੱਚ ਆ ਗਈ ਤਾਂ ਸਿੱਖੀ ਤੇ ਪੰਜਾਬ ਖ਼ਤਮ ਸਮਝੋ। ਅੱਜ ਉਹ ਆਪਣੀ ਪਾਰਟੀ ਅਤੇ ਆਪਣੇ ਪਰਿਵਾਰ ਦੀ ਸਿਆਸਤ ਬਚਾਉਣ ਲਈ ਤੇ ਮੁੱਖ ਮੰਤਰੀ ਦੀ ਕੁਰਸੀ ਦੀ ਭੁੱਖ ਪੂਰੀ ਕਰਨ ਲਈ ਆਪ ਭਾਜਪਾ ਦੇ ਪੈਰਾਂ ਵਿੱਚ ਜਾ ਡਿੱਗਾ ਹੈ। ਗੁਰੂ ਨਾਨਕ ਸਾਹਿਬ ਜੀ ਨੇ ਬ੍ਰਾਹਮਣਵਾਦੀ ਵਿਚਾਰਧਾਰਾ ਰੱਦ ਕੀਤੀ ਸੀ, ਬਾਬਰ ਦੇ ਜਬਰ ਨੂੰ ਮੂੰਹ 'ਤੇ ਵੰਗਾਰਿਆ ਸੀ ਤੇ ਭਾਜਪਾ ਵੀ ਉਸੇ ਜਾਬਰ ਸੋਚ ਦੀ ਵਾਰਸ ਹੈ ਤੇ ਬਾਦਲਕੇ ਉਸੇ ਨਾਲ ਯਾਰੀ ਪਾ ਕੇ ਬਹਿ ਗਏ ਕਿਉਂਕਿ ਇਹ ਆਪ ਵੀ ਗ਼ੱਦਾਰਾਂ ਅਤੇ ਮਸੰਦਾਂ ਦੇ ਵਾਰਸ ਹਨ ਤੇ ਗੁਰੂ ਨਾਨਕ ਸਾਹਿਬ ਦੀ ਸਿੱਖੀ ਦੀ ਫੁਲਵਾੜੀ ਨੂੰ ਉਜਾੜਨਾ ਚਾਹੁੰਦੇ ਹਨ।

ਸੁਖਬੀਰ ਕਹਿੰਦਾ ਸੀ ਕਿ ਭਾਜਪਾ ਨਾਲ ਸਾਂਝ ਰੱਖਣ ਵਾਲਾ ਸਿੱਖ ਆਪਣਾ ਡੀ.ਐੱਨ.ਏ. ਟੈਸਟ ਕਰਵਾਏ। ਭਾਜਪਾ ਵਿੱਚ ਜਾਣ ਵਾਲਿਆਂ ਨੂੰ ਪੰਜਾਬ ਦੇ ਗ਼ੱਦਾਰ ਆਖਦਾ ਸੀ। ਭਾਜਪਾ ਦੀ ਨੀਤੀ ਨੂੰ ਔਰੰਗਜ਼ੇਬ ਦੀ ਸੋਚ ਦੱਸਦਾ ਸੀ। ਕਹਿੰਦਾ ਸੀ ਅਕਾਲੀ ਦਲ ਆਪਣੇ ਦਮ 'ਤੇ ਚੋਣਾਂ ਲੜੇਗਾ ਤੇ ਭਾਜਪਾ ਵੱਲ ਕਦੇ ਮੂੰਹ ਨਹੀਂ ਕਰੇਗਾ। ਹੁਣ ਦੱਸ ਸੁਖਬੀਰ ਸਿਆਂ ਕਿ ਤੈਨੂੰ ਡੀ.ਐੱਨ.ਏ. ਵਾਲਾ ਮਿਹਣਾ ਆਪਣੀ ਵਾਰੀ ਵੀ ਚੇਤੇ ਹੈ ? ਗਿਆਨੀ ਹਰਪ੍ਰੀਤ ਸਿੰਘ ਉੱਤੇ ਸੁਖਬੀਰ ਨੇ ਦੋਸ਼ ਲਾਇਆ ਸੀ ਕਿ ਉਹ ਭਾਜਪਾ ਨਾਲ ਮਿਲ ਕੇ ਉਸ ਨੂੰ ਅਕਾਲੀ ਦਲ ਤੋਂ ਪਾਸੇ ਕਰਨਾ ਚਾਹੁੰਦੇ ਹਨ। 2 ਦਸੰਬਰ 2024 ਦੇ ਫ਼ੈਸਲਿਆਂ ਬਾਰੇ ਆਖਿਆ ਸੀ ਕਿ ਜਥੇਦਾਰਾਂ ਨੇ ਭਾਜਪਾ ਦੇ ਕਹਿਣ 'ਤੇ ਫ਼ੈਸਲੇ ਕੀਤੇ।

ਭਾਈ ਅੰਮ੍ਰਿਤਪਾਲ ਸਿੰਘ ਤੇ ਹੋਰ ਪੰਥਕ ਚਿਹਰਿਆਂ ਨੂੰ ਵੀ ਭਾਜਪਾ, ਆਰ.ਐੱਸ.ਐੱਸ. ਤੇ ਸਰਕਾਰੀ ਏਜੰਸੀਆਂ ਨਾਲ ਜੋੜ ਕੇ ਭੰਡਿਆ। ਭਾਜਪਾ ਵੀ ਦੱਸੇ ਕਿ ਉਸ ਦੇ ਅੱਜ ਦੇ ਸਾਥੀ ਨੇ ਕੱਲ੍ਹ ਉਸ ਉੱਤੇ ਜਿਹੜੇ ਦੋਸ਼ ਲਾਏ ਸਨ, ਉਨ੍ਹਾਂ ਦਾ ਕੀ ਜਵਾਬ ਹੈ ? ਤਖ਼ਤ ਪਟਨਾ ਸਾਹਿਬ, ਤਖ਼ਤ ਹਜ਼ੂਰ ਸਾਹਿਬ, ਦਿੱਲੀ ਤੇ ਹਰਿਆਣਾ ਦੀਆਂ ਗੁਰਦੁਆਰਾ ਕਮੇਟੀਆਂ ਵਿੱਚ ਭਾਜਪਾ ਦੇ ਦਖ਼ਲ ਦੀ ਗੱਲ ਸੁਖਬੀਰ ਆਪ ਕਰਦਾ ਸੀ। ਸਿਰਸਾ, ਕਾਲਕਾ, ਧੁੰਮਾ ਤੇ ਦਾਦੂਵਾਲ ਦੀ ਭਾਜਪਾ ਨਾਲ ਨੇੜਤਾ ਉੱਤੇ ਉਂਗਲ ਚੁੱਕਦਾ ਸੀ। ਗੋਲ ਦਸਤਾਰਾਂ ਤੇ ਚੋਲ਼ਿਆਂ ਵਾਲਿਆਂ ਨੂੰ ਕਹਿੰਦਾ ਸੀ ਕਿ ਭਾਜਪਾ ਨਾਲ ਰਲ ਕੇ ਸਿੱਖੀ ਦਾ ਨੁਕਸਾਨ ਕਰ ਰਹੇ ਹਨ। ਪਰ ਹੁਣ ਸੁਖਬੀਰ ਨੇ ਉਸੇ ਭਾਜਪਾ ਦੀ ਪੂਛ ਕਿਉਂ ਫੜ ਲਈ ਹੈ?

ਪੰਜਾਬ ਵਿੱਚ ਬਾਦਲ ਅਤੇ ਭਾਜਪਾ ਦੋਵੇਂ ਧਿਰਾਂ ਫੇਲ੍ਹ ਹਨ। ਹੁਣ ਦੋਵੇਂ ਇੱਕ-ਦੂਜੇ ਦਾ ਹੱਥ ਫੜ ਕੇ ਹਾਰ ਤੋਂ ਬਚਣਾ ਚਾਹੁੰਦੀਆਂ ਹਨ। ਸੁਖਬੀਰ ਨੂੰ ਭਾਜਪਾ ਦਾ ਐਨਾ ਹੀ ਮੋਹ ਹੈ ਤਾਂ ਸਿੱਧਾ ਭਾਜਪਾ ਵਿੱਚ ਜਾ ਰਲੇ। ਆਪਣੀ ਕੁਰਸੀ ਲਈ ਅਕਾਲੀ ਦਲ ਦੀ ਪੰਥਕ ਵਿਰਾਸਤ ਕਾਹਦੇ ਲਈ ਵਰਤਦਾ ਹੈ ? ਬਾਦਲਕਿਆਂ ਨੇ ਪਹਿਲਾਂ ਸਿੱਖ ਕੌਮ ਦੀ ਪਿੱਠ ਵਿੱਚ ਛੁਰਾ ਮਾਰਿਆ। ਜਦੋਂ ਸਿੱਖਾਂ ਨੇ ਮੂੰਹ ਮੋੜਿਆ ਤਾਂ ਆਪਣੀ ਕਰਨੀ ਦੀ ਮਾਫ਼ੀ ਮੰਗਣ ਦੀ ਥਾਂ ਲੋਕਾਂ ਨੂੰ ਹੀ ਮਿਹਣੇ ਮਾਰੇ ਕਿ ਤੁਸੀਂ ਸਾਨੂੰ ਵੋਟਾਂ ਪਾਉਣੀਆਂ ਛੱਡ ਕੇ ਬੜਾ ਮਾੜਾ ਕੀਤਾ। ਕਦੇ ਸਿੱਖਾਂ ਨੂੰ ਪੁਚਕਾਰਿਆ, ਕਦੇ ਲਲਕਾਰਿਆ। ਜਦੋਂ ਕਿਸੇ ਪਾਸਿਓਂ ਗੱਲ ਨਾ ਬਣੀ ਤਾਂ ਭਾਜਪਾ ਨਾਲ ਤਾਰਾਂ ਜੋੜ ਲਈਆਂ। ਇਹ ਗੱਠਜੋੜ ਪੰਥ ਤੇ ਪੰਜਾਬ ਦਾ ਹੋਰ ਨੁਕਸਾਨ ਕਰੇਗਾ। ਜਿਨ੍ਹਾਂ ਡੇਰਿਆਂ ਤੇ ਦੇਹਧਾਰੀ ਗੁਰੂਆਂ ਨਾਲ ਬਾਦਲਕਿਆਂ ਦੀ ਸਾਂਝ ਕਰਕੇ ਸਿੱਖਾਂ ਨੇ ਪਹਿਲਾਂ ਸੰਤਾਪ ਭੋਗਿਆ, ਉਨ੍ਹਾਂ ਨੂੰ ਮੁੜ ਖੁੱਲ੍ਹ ਮਿਲੇਗੀ, ਬੇਅਦਬੀ ਵਧਣਗੀਆਂ। ਗੁਰਦੁਆਰਿਆਂ ਦੇ ਮੰਦਰੀਕਰਨ ਤੇ ਸਿੱਖੀ ਦੇ ਸਨਾਤਨੀਕਰਨ ਦਾ ਖ਼ਦਸ਼ਾ ਵਧੇਗਾ।ਪ੍ਰੋਗਰਾਮ ਦੇਖੋ

ਪੰਥਕ ਧਿਰਾਂ ਹੁਣ ਆਪਣੇ ਵਖਰੇਵੇਂ ਪਾਸੇ ਰੱਖ ਕੇ ਇਕੱਠੀਆਂ ਹੋਣ। ਸਿੱਖੀ ਦੀ ਵੱਖਰੀ ਹੋਂਦ, ਤਖ਼ਤਾਂ ਦੇ ਵੱਕਾਰ ਤੇ ਬੰਦੀ ਸਿੰਘਾਂ ਦੀ ਰਿਹਾਈ ਲਈ ਇੱਕ ਆਵਾਜ਼ ਵਿੱਚ ਬੋਲਣ। ਬਾਦਲ ਦਲ ਤੇ ਭਾਜਪਾ ਜਿੱਥੇ ਵੀ ਸੰਗਤ ਅੱਗੇ ਆਉਣ, ਦੋਵਾਂ ਤੋਂ ਇਨ੍ਹਾਂ ਮਸਲਿਆਂ ਦਾ ਹਿਸਾਬ ਮੰਗੋ। ਅੱਜ ਸਮੁੱਚਾ ਪੰਥ ਬੰਦੀ ਸਿੰਘਾਂ ਦੀ ਰਿਹਾਈ ਦੀ ਉਡੀਕ ਕਰ ਰਿਹਾ ਹੈ, ਪਰ ਬਾਦਲਕੇ ਨਾ ਤਾਂ ਬੰਦੀ ਸਿੰਘ ਰਿਹਾਅ ਕਰਵਾ ਸਕੇ ਅਤੇ ਨਾ ਹੀ ਕਰਤਾਰਪੁਰ ਲਾਂਘਾ ਖੁੱਲ੍ਹਵਾ ਸਕੇ ਅਤੇ ਨਾ ਹੀ ਪੰਜਾਬ ਲਈ ਕੋਈ ਵੱਧ ਅਧਿਕਾਰ ਲੈ ਸਕੇ। ਇਹ ਗੱਠਜੋੜ ਬਿਨਾਂ ਸ਼ਰਤਾਂ ਤੋਂ ਹੀ ਬਾਦਲਕਿਆਂ ਨੇ ਕਰ ਲਿਆ ਜੋ ਪੰਜਾਬ ਦੀ ਬਰਬਾਦੀ ਦਾ ਕਾਰਨ ਬਣੇਗਾ।

24 ਨਵੰਬਰ ਦਾ ਇਤਿਹਾਸਕ ਦਿਨ ਬਾਦਲਕਿਆਂ ਨੇ ਭਾਜਪਾ ਨਾਲ ਮਿਲ ਕੇ ਕਲੰਕਿਤ ਕਰ ਦਿੱਤਾ ਹੈ। ਬਿਅੰਤ ਬੁੱਚੜ ਦਾ ਪੋਤਾ ਰਵਨੀਤ ਬਿੱਟੂ ਤਾਂ ਪਹਿਲਾਂ ਹੀ ਕਹਿੰਦਾ ਸੀ ਕਿ ਕੀ ਬਾਦਲਕਿਆਂ ਨਾਲ ਮਿਲ ਕੇ ਅਸੀਂ ਭਾਜਪਾ ਵਾਲੇ ਨਸ਼ੇ, ਬੇਅਦਬੀਆਂ ਅਤੇ ਗੈਂਗਸਟਰਵਾਦ ਨੂੰ ਬੜ੍ਹਾਵਾ ਦੇਵਾਂਗੇ!

ਹੁਣ ਬਾਦਲਕੇ ਅਤੇ ਭਾਜਪਾਈ ਆਪ ਹੀ ਦੱਸ ਦੇਣ ਕਿ ਉਹਨਾਂ ਦੇ ਗੱਠਜੋੜ ਨੇ ਪੰਜਾਬ ਨੂੰ ਕਿਹੜੇ ਰਾਹ ਤੋਰਨਾ ਹੈ! ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੇ ਸੱਚ ਹੀ ਕਿਹਾ ਹੈ ਕਿ ਤੁਹਾਡੇ ਦੋਵਾਂ ਦੀ ਸਿਆਸਤ ਨੇ ਪੰਥ ਅਤੇ ਪੰਜਾਬ ਦੇ ਪੱਲੇ ਕਦੇ ਵੀ ਕੁਝ ਨਹੀਂ ਪਾਉਣਾ ਕਿਉਂਕਿ "ਇੱਕ ਚੰਦਾ ਚੋਰ ਹਨ ਅਤੇ ਦੂਜੇ ਗੋਲਕ ਚੋਰ।"

ਡਾ. ਰਜਿੰਦਰ ਰੇਣੂ ਦੀ ਕਾਵਿ ਪੁਸਤਕ "ਸੁੱਚੇ ਮੋਤੀ" ਪ੍ਰੋ. ਗੁਰਭਜਨ ਸਿੰਘ ਗਿੱਲ ਵੱਲੋਂ ਪੰਜਾਬੀ ਭਵਨ ਲੁਧਿਆਣਾ ਵਿਖੇ ਲੋਕ ਅਰਪਣ

ਵਰਲਡ ਪੰਜਾਬੀ ਟਾਈਮਜ਼



ਲੁਧਿਆਣਾ: 29 ਨਵੰਬਰ : ਚੰਡੀਗੜ੍ਹ ਵੱਸਦੀ ਪੰਜਾਬੀ ਕਵਿੱਤਰੀ ਡਾ. ਰਜਿੰਦਰ ਰੇਣੂ ਦੀ ਕਾਵਿ ਪੁਸਤਕ "ਸੁੱਚੇ ਮੋਤੀ" ਲੋਕ ਅਰਪਣ ਕਰਦਿਆਂ ਪੰਜਾਬੀ ਲੋਕ ਵਿਰਾਸਤ ਅਕਾਡਮੀ ਲੁਧਿਆਣਾ ਦੇ ਚੇਅਰਮੈਨ ਪ੍ਰੋ. ਗੁਰਭਜਨ ਸਿੰਘ ਗਿੱਲ ਨੇ ਪੰਜਾਬੀ ਭਵਨ ਲੁਧਿਆਣਾ ਵਿਖੇ ਕਿਹਾ ਕਿ ਸ਼ਾਇਰੀ ਧੀਆਂ ਭੈਣਾਂ ਦੇ ਮਨ ਦਾ ਸ਼ੀਸ਼ਾ ਹੁੰਦਾ ਹੈ। ਉਹ ਆਦਮੀਆਂ ਵਾਂਗ ਦੋ ਚਿਹਰਿਆਂ ਵਾਲੀ ਕਵਿਤਾ ਨਹੀਂ ਲਿਖਦੀਆਂ ਸਗੋਂ ਪਾਰਦਰਸ਼ੀ ਭਾਵਨਾ ਨਾਲ ਕਾਵਿ ਸਿਰਜਣਾ ਕਰਦੀਆਂ ਹਨ। "ਸੁੱਚੇ ਮੋਤੀ" ਦੀ ਸਿਰਜਕ ਰੇਣੂ ਵੀ ਆਪਣੀਆਂ ਕਵਿਤਾਵਾਂ ਤੇ ਗੀਤਾਂ ਵਿੱਚ ਇਹ ਧਰਮ ਨਿਭਾਉਂਦੀ ਹੈ।

ਪ੍ਰੋ. ਗਿੱਲ ਨੇ ਕਿਹਾ ਕਿ ਇਨ੍ਹਾਂ ਕਵਿਤਾਵਾਂ ਵਿੱਚ ਧਰਮ ਵੀ ਹੈ ਤੇ ਆਸਥਾ ਵੀ ਪਰ ਇਹ ਦੋਵੇਂ ਆਪਣੇ ਅਸਲ ਅਰਥਾਂ ਵਿੱਚ ਪੇਸ਼ ਹਨ, ਪ੍ਰਚੱਲਤ ਵਰਤਮਾਨ ਅਰਥਾਂ ਵਿੱਚ ਨਹੀਂ।

ਪੰਜਾਬੀ ਸਾਹਿੱਤ ਅਕਾਡਮੀ ਦੇ ਕਾਰਜਕਾਰੀ ਮੈਂਬਰ ਤ੍ਰੈਲੋਚਨ ਲੋਚੀ ਨੇ ਡਾ. ਰਾਜਿੰਦਰ ਰੇਣੂੰ ਨੂੰ ਸਰੋਦੀ ਕਵਿਤਾ ਦੀ ਸਿਰਜਕ ਵਜੋਂ ਸਲਾਹਿਆ। ਇਸ ਮੌਕੇ ਪੰਜਾਬੀ ਸਾਹਿੱਤ ਅਕਾਡਮੀ ਲੁਧਿਆਣਾ ਦੇ ਸਾਬਕਾ ਪ੍ਰਧਾਨ ਤੇ ਪੰਜਾਬੀ ਕਵੀ ਪ੍ਰੋ. ਰਵਿੰਦਰ ਭੱਠਲ, ਪੰਜਾਬੀ ਸਾਹਿੱਤ ਅਕਾਡਮੀ ਲੁਧਿਆਣਾ ਦੇ ਸਰਪ੍ਰਸਤ ਹਰਕੇਸ਼ ਮਿੱਤਲ, ਕਵਿੱਤਰੀ ਹਰਸਿਮਰਨ ਕੌਰ ਐਡਵੋਕੇਟ, ਅਮਰਜੀਤ ਸ਼ੇਰਪੁਰੀ ਤੇ ਹਰਵਿੰਦਰ ਥਰੀਕੇ ਹਾਜ਼ਰ ਸਨ।

ਨਾਈਟ ਡੋਮੀਨੇਸ਼ਨ ਦੌਰਾਨ ਐਸਐਸਪੀ ਡਾ. ਦਰਪਣ ਆਹਲੂਵਾਲੀਆ ਵੱਲੋਂ ਥਾਣਾ ਸਦਰ ਖੰਨਾ ਦਾ ਅਚਨਚੇਤ ਨਿਰੀਖਣ, ਪੁਲਿਸ ਅਧਿਕਾਰੀਆਂ ਨੂੰ ਸਖ਼ਤ ਨਿਰਦੇਸ਼

ਥਾਣੇ ਦੇ ਰਿਕਾਰਡ ਅਤੇ ਸੁਰੱਖਿਆ ਪ੍ਰਬੰਧਾਂ ਦੀ ਕੀਤੀ ਜਾਂਚ, ਅਪਰਾਧ ਸਮੀਖਿਆ ਮੀਟਿੰਗ ਵਿੱਚ ਲੰਬਿਤ ਕੇਸਾਂ ਅਤੇ ਨਸ਼ਾ ਤਸਕਰੀ ਨਾਲ ਸਬੰਧਤ ਮਾਮਲਿਆਂ ਦੀ ਪ੍ਰਗਤੀ ਬਾਰੇ ਕੀਤੀ ਚਰਚਾ

ਵਰਲਡ ਪੰਜਾਬੀ ਟਾਈਮਜ਼



ਖੰਨਾ 29 ਨਵੰਬਰ : ਖੰਨਾ ਪੁਲਿਸ ਵੱਲੋਂ ਅਪਰਾਧਾਂ ਨੂੰ ਠੱਲ੍ਹ ਪਾਉਣ ਅਤੇ ਕਾਨੂੰਨ ਵਿਵਸਥਾ ਨੂੰ ਮਜ਼ਬੂਤ ਬਣਾਈ ਰੱਖਣ ਲਈ ਚਲਾਏ ਜਾ ਰਹੇ ਨਾਈਟ ਡੋਮੀਨੇਸ਼ਨ ਅਭਿਆਨ ਦੌਰਾਨ ਐਸਐਸਪੀ ਡਾ. ਦਰਪਣ ਆਹਲੂਵਾਲੀਆ ਨੇ ਥਾਣਾ ਸਦਰ ਖੰਨਾ ਦਾ ਅਚਨਚੇਤ ਨਿਰੀਖਣ ਕੀਤਾ। ਇਸ ਮੌਕੇ ਉਨ੍ਹਾਂ ਦੇ ਨਾਲ ਡੀਐਸਪੀ ਖੰਨਾ ਅਤੇ ਖੰਨਾ ਸਬ ਡਵੀਜ਼ਨ ਦੇ ਤਿੰਨ ਥਾਣਿਆਂ ਦੇ ਐਸਐਚਓ ਵੀ ਮੌਜੂਦ ਸਨ।

ਨਿਰੀਖਣ ਦੌਰਾਨ ਐਸਐਸਪੀ ਨੇ ਥਾਣੇ ਦੇ ਪੁਲਿਸ ਰਿਕਾਰਡ ਦੀ ਬਾਰੀਕੀ ਨਾਲ ਜਾਂਚ ਕੀਤੀ ਅਤੇ ਸੁਰੱਖਿਆ ਪ੍ਰਬੰਧਾਂ ਦਾ ਜਾਇਜ਼ਾ ਲਿਆ। ਉਨ੍ਹਾਂ ਪੁਲਿਸ ਅਧਿਕਾਰੀਆਂ ਤੋਂ ਥਾਣੇ ਦੇ ਕੰਮਕਾਜ ਅਤੇ ਕਾਨੂੰਨ ਵਿਵਸਥਾ ਨਾਲ ਸਬੰਧਤ ਪ੍ਰਬੰਧਾਂ ਬਾਰੇ ਜਾਣਕਾਰੀ ਵੀ ਹਾਸਲ ਕੀਤੀ। ਇਸ ਨਿਰੀਖਣ ਦਾ ਮੁੱਖ ਮਕਸਦ ਪੁਲਿਸ ਦੀ ਕਾਰਜਪ੍ਰਣਾਲੀ ਨੂੰ ਹੋਰ ਪ੍ਰਭਾਵਸ਼ਾਲੀ ਬਣਾਉਣਾ ਅਤੇ ਅਪਰਾਧਾਂ 'ਤੇ ਕਾਬੂ ਪਾਉਣਾ ਸੀ।

ਇਸ ਮੌਕੇ ਅਪਰਾਧ ਸਮੀਖਿਆ ਮੀਟਿੰਗ ਵੀ ਕੀਤੀ ਗਈ, ਜਿਸ ਵਿੱਚ ਥਾਣਿਆਂ ਵਿੱਚ ਲੰਬਿਤ ਪਏ ਕੇਸਾਂ, ਚੱਲ ਰਹੀ ਜਾਂਚ ਦੀ ਪ੍ਰਗਤੀ ਅਤੇ ਨਸ਼ਾ ਤਸਕਰੀ ਨਾਲ ਸਬੰਧਤ ਮਾਮਲਿਆਂ ਬਾਰੇ ਵਿਸਥਾਰ ਨਾਲ ਵਿਚਾਰ-ਵਟਾਂਦਰਾ ਕੀਤਾ ਗਿਆ। ਖਾਸ ਤੌਰ 'ਤੇ ਐਨਡੀਪੀਐਸ ਐਕਟ ਤਹਿਤ ਦਰਜ ਮਾਮਲਿਆਂ ਦੀ ਜਾਂਚ ਅਤੇ ਉਨ੍ਹਾਂ ਵਿੱਚ ਕੀਤੀ ਜਾ ਰਹੀ ਕਾਰਵਾਈ ਦੀ ਸਮੀਖਿਆ ਕੀਤੀ ਗਈ। ਐਸਐਸਪੀ ਨੇ ਅਧਿਕਾਰੀਆਂ ਨੂੰ ਨਿਰਦੇਸ਼ ਦਿੱਤੇ ਕਿ ਸਾਰੇ ਮਾਮਲਿਆਂ ਦੀ ਜਾਂਚ ਸਮੇਂ ਸਿਰ ਮੁਕੰਮਲ ਕੀਤੀ ਜਾਵੇ ਅਤੇ ਕਿਸੇ ਵੀ ਪੱਧਰ 'ਤੇ ਲਾਪਰਵਾਹੀ ਨਾ ਵਰਤੀ ਜਾਵੇ। ਨਸ਼ਾ ਤਸਕਰੀ ਨਾਲ ਜੁੜੇ ਮਾਮਲਿਆਂ ਵਿ